BC Centre for Disease Control
Provincial Health Services Authority

# ਟੀ.ਬੀ. ਦੀ ਲੇਟੈਂਟ (ਗੁਪਤ) ਇਨਫ਼ੈਕਸ਼ਨ
# ਗਾਹਕਾਂ ਲਈ ਸਵਾਲ ਅਤੇ ਜਵਾਬ
# Latent TB Infection
# Questions and Answers for Clients

ਲੇਟੈਂਟ (ਗੁਪਤ) ਟੀ.ਬੀ. ਇਨਫ਼ੈਕਸ਼ਨ ਵਾਲੇ ਲੋਕਾਂ ਦੇ ਮਨਾਂ ਵਿੱਚ ਅਕਸਰ ਆਪਣੀ ਦੇਖਭਾਲ ਅਤੇ ਟ੍ਰੀਟਮੈਂਟ ਸੰਬੰਧੀ ਸਵਾਲ ਹੁੰਦੇ ਹਨ। ਕੀ ਉਮੀਦ ਰੱਖਣੀ ਹੈ ਇਹ ਸਮਝਣ ਵਿੱਚ ਮਦਦ ਲਈ ਪੇਸ਼ ਹਨ ਕੁਝ ਆਮ ਸਵਾਲ ਅਤੇ ਜਵਾਬ:

**ਪ੍ਰਸ਼ਨ: ਮੈਨੂੰ ਦੱਸਿਆ ਗਿਆ ਹੈ ਕਿ ਮੈਨੂੰ ਟੀ.ਬੀ. (ਤਪਦਿਕ) ਦੀ ਲੇਟੈਂਟ (ਗੁਪਤ) ਇਨਫ਼ੈਕਸ਼ਨ ਹੈ। ਹੁਣ ਮੈਨੂੰ ਕੀ ਉਮੀਦ ਰੱਖਣੀ ਚਾਹੀਦੀ ਹੈ?**
**Q: I've been told I have latent TB infection. What can I expect now?**

ਇੱਕ ਵਾਰੀ ਜਦੋਂ ਤੁਹਾਨੂੰ ਦੱਸ ਦਿੱਤਾ ਜਾਵੇ ਕਿ ਤੁਹਾਨੂੰ ਲੇਟੈਂਟ ਟੀ.ਬੀ. ਇਨਫ਼ੈਕਸ਼ਨ ਹੈ ਉਦੋਂ ਤੁਹਾਨੂੰ ਆਪਣੀ ਨਰਸ ਤੋਂ ਜਾਣਕਾਰੀ ਦੇ ਵੱਖ-ਵੱਖ ਪਰਚੇ ਮਿਲਣਗੇ। ਇਹ ਪਰਚੇ ਤੁਹਾਨੂੰ ਟੀ.ਬੀ. ਬਾਰੇ ਬਿਹਤਰ ਢੰਗ ਨਾਲ ਸਮਝਣ ਵਿੱਚ ਮਦਦ ਕਰਨਗੇ, ਅਤੇ ਤੁਹਾਨੂੰ ਉਨ੍ਹਾਂ ਦਵਾਈਆਂ ਬਾਰੇ ਦੱਸਣਗੇ ਜੋ ਟੀ.ਬੀ. ਕਾਰਣ ਬਿਮਾਰ ਹੋਣ ਤੋਂ ਬਚਣ ਵਿੱਚ ਤੁਹਾਡੀ ਮਦਦ ਕਰ ਸਕਦੀਆਂ ਹਨ। ਜਦੋਂ ਤੁਹਾਨੂੰ ਲੇਟੈਂਟ ਟੀ.ਬੀ. ਇਨਫ਼ੈਕਸ਼ਨ ਹੁੰਦੀ ਹੈ ਉਦੋਂ ਤੁਹਾਡੇ ਤੋਂ ਟੀ.ਬੀ. ਦੂਜਿਆਂ ਨੂੰ ਨਹੀਂ ਫ਼ੈਲ ਸਕਦਾ।

**ਪ੍ਰਸ਼ਨ: ਲੇਟੈਂਟ ਟੀ.ਬੀ. ਇਨਫ਼ੈਕਸ਼ਨ ਦਾ ਕੀ ਟ੍ਰੀਟਮੈਂਟ ਹੁੰਦਾ ਹੈ?**
**Q: What is the treatment for latent TB infection?**

ਇਸ ਵਾਸਤੇ ਤਿੰਨ ਵਿਕਲਪ ਮੌਜੂਦ ਹੰਦੇ ਹਨ: 9 ਮਹੀਨਿਆਂ ਲਈ ਰੋਜ਼ਾਨਾ ਆਈਸੋਨਿਆਜ਼ਿਡ, 4 ਮਹੀਨਿਆਂ ਲਈ ਰੋਜ਼ਾਨਾ ਰਾਇਫ਼ੈਮਪਿਨ ਜਾਂ 3 ਮਹੀਨਿਆਂ ਲਈ ਹਰ ਹਫ਼ਤੇ ਆਇਸੋਨਾਇਆਜ਼ਿਡ ਅਤੇ ਰਾਇਫ਼ਾਪੈਨਟਾਇਨ। ਤੁਹਾਡੀ ਸਿਹਤ ਅਤੇ ਤੁਹਾਡੇ ਵੱਲੋਂ ਲਈਆਂ ਜਾਣ ਵਾਲੀਆਂ ਹੋਰਨਾਂ ਦਵਾਈਆਂ ਮੁਤਾਬਕ ਤੁਹਾਡੇ ਵਾਸਤੇ ਕੋਈ ਇੱਕ ਵਿਕਲਪ ਦੂਜਿਆਂ ਨਾਲ਼ੋਂ ਬਿਹਤਰ ਹੋ ਸਕਦਾ ਹੈ। ਤੁਹਾਡਾ ਡਾਕਟਰ ਤੁਹਾਨੂੰ ਦੱਸੇਗਾ ਕਿ ਤੁਹਾਡੀ ਲਈ ਕਿਹੜਾ/ਕਿਹੜੇ ਵਿਕਲਪ ਦੂਜਿਆਂ ਨਾਲ਼ੋਂ ਬਿਹਤਰ ਹੋ ਸਕਦਾ/ਸਕਦੇ ਹੈ/ਹਨ। ਤੁਹਾਡੀ ਨਰਸ ਵੱਲੋਂ ਇਹ ਜਾਂਚ ਕੀਤੀ ਜਾਵੇਗੀ ਕਿ ਸਭ ਕੁਝ ਕਿਵੇਂ ਚਲ ਰਿਹਾ ਹੈ ਅਤੇ ਡਾਕਟਰ ਵੱਲੋਂ ਲੋੜ ਮੁਤਾਬਕ ਤਬਦੀਲੀਆਂ ਕੀਤੀਆਂ ਜਾਣਗੀਆਂ।

**ਪ੍ਰਸ਼ਨ: ਮੈਨੂੰ ਇੰਨੇ ਲੰਮੇ ਸਮੇਂ ਲਈ ਟੀ.ਬੀ. (ਤਪਦਿਕ) ਦੀਆਂ ਦਵਾਈਆਂ ਲੈਣ ਦੀ ਲੋੜ ਕਿਉਂ ਹੈ?**
**Q: Why do I need to take TB medications for so long?**

ਟੀ.ਬੀ. ਦੇ ਰੋਗਾਣੂ ਬਹੁਤ ਮਜ਼ਬੂਤ ਹੁੰਦੇ ਹਨ ਅਤੇ ਟੀ.ਬੀ. ਦੇ ਰੋਗਾਣੂ ਨੂੰ ਨਸ਼ਟ ਕਰਨ ਵਿੱਚ ਵਕਤ ਲਗਦਾ ਹੈ। ਜੇ ਤੁਹਾਡੀ ਤਬੀਅਤ ਖ਼ਰਾਬ ਹੋ ਜਾਵੇ ਜਾਂ ਤੁਸੀਂ ਡਾਕਟਰ ਜਾਂ ਨਰਸ ਦੇ ਦੱਸੇ ਮੁਤਾਬਕ ਦਵਾਈ ਲੈਣੀ ਬੰਦ ਕਰ ਦਿਓ ਤਾਂ ਉਨ੍ਹਾਂ ਨੂੰ ਇਸ ਬਾਰੇ ਸੂਚਿਤ ਕਰਨਾ ਮਹੱਤਵਪੂਰਣ ਹੁੰਦਾ ਹੈ।

**ਪ੍ਰਸ਼ਨ: ਮੈਨੂੰ ਕਿੰਨੀ-ਕਿੰਨੀ ਦੇਰ ਬਾਅਦ ਕਲੀਨਿਕ ਜਾਣ ਦੀ ਲੋੜ ਪਵੇਗੀ?**
**Q: How often do I need to come to the clinic?**

ਇਹ ਤੁਹਾਡੇ ਵੱਲੋਂ ਲਈ ਜਾਣ ਵਾਲੀ ਦਵਾਈ ਅਤੇ ਤੁਹਾਡੀ ਤਬੀਅਤ ਉੱਪਰ ਨਿਰਭਰ ਕਰਦਾ ਹੈ:

ਆਇਸੋਨਾਇਆਜ਼ਿਡ: ਸ਼ੁਰੂਆਤ ਵਿੱਚ ਹਰ ਮਹੀਨੇ ਇੱਕ ਵਾਰੀ ਅਤੇ ਜੇ ਕੋਈ ਸਮੱਸਿਆਵਾਂ ਨਾ ਹੋਣ ਤਾਂ ਹਰ ਦੋ ਮਹੀਨੇ ਬਾਅਦ। ਜੇ ਤੁਹਾਡੀ ਤਬੀਅਤ ਠੀਕ ਰਹੇ ਤਾਂ ਹੋ ਸਕਦਾ ਹੈ ਕਿ ਤੁਹਾਡੀ ਆਖ਼ਰੀ ਅਪੌਇੰਟਮੈਂਟ ਫ਼ੋਨ 'ਤੇ ਹੋਵੇ।

ਰਾਇਫ਼ੈਮਪਿਨ: ਮਹੀਨੇ ਵਿੱਚ ਇੱਕ ਵਾਰੀ

ਆਇਸੋਨਾਇਆਜ਼ਿਡ ਅਤੇ ਰਾਇਫ਼ੈਮਪਿਨ: ਹਫ਼ਤੇ ਵਿੱਚ ਇੱਕ ਵਾਰੀ

**ਪ੍ਰਸ਼ਨ: ਕਲੀਨਿਕ ਦੀਆਂ ਇਨ੍ਹਾਂ ਫ਼ੇਰੀਆਂ ਦੌਰਾਨ ਮੈਂ ਕਿਸ ਨੂੰ ਮਿਲਾਂਗਾ/ਮਿਲਾਂਗੀ?**
**Q: Who will I see during these clinic visits?**

ਨਰਸਾਂ, ਡਾਕਟਰਾਂ ਅਤੇ ਕਦੇ-ਕਦੇ ਫ਼ਾਰਮਾਸਿਸਟਾਂ ਸਮੇਤ ਤੁਹਾਡੀ ਮਦਦ ਲਈ ਸਾਡੇ ਕੋਲ ਸ਼ਾਨਦਾਰ ਲੋਕਾਂ ਦੀ ਟੀਮ ਹੈ। ਤੁਹਾਨੂੰ ਟੀ.ਬੀ. ਕਾਰਣ ਬਿਮਾਰ ਹੋਣ ਤੋਂ ਬਚਾਉਣਾ ਅਤੇ ਜਦੋਂ ਤੁਸੀਂ ਟੀ.ਬੀ. ਦੀ ਦਵਾਈ ਲੈ ਰਹੇ ਹੋਵੋ ਉਦੋਂ ਸਿਹਤਮੰਦ ਰਹਿਣ ਵਿੱਚ ਤੁਹਾਡੀ ਮਦਦ ਕਰਨੀ ਸਾਡਾ ਟੀਚਾ ਹੈ।

**ਪ੍ਰਸ਼ਨ: ਕਲੀਨਿਕ ਦੀਆਂ ਇਨ੍ਹਾਂ ਫ਼ੇਰੀਆਂ ਦੌਰਾਨ ਕੀ ਹੁੰਦਾ ਹੈ?**
**Q: What happens during these clinic visits?**

ਅਸੀਂ ਤੁਹਾਡਾ ਹਾਲ-ਚਾਲ ਪੁਛਾਂਗੇ, ਤੁਹਾਡਾ ਭਾਰ ਦੇਖਾਂਗੇ, ਤੁਹਾਡੇ ਵੱਲੋਂ ਸ਼ੁਰੂ ਕੀਤੀਆਂ ਗਈਆਂ ਕੋਈ ਵੀ ਨਵੀਆਂ ਦਵਾਈਆਂ ਬਾਰੇ ਪੁੱਛਾਂਗੇ, ਤੁਹਾਡੇ ਨਾਲ ਤੁਹਾਡੀਆਂ ਟੀ.ਬੀ. ਦੀਆਂ ਦਵਾਈਆਂ ਦੀ ਸਮੀਖਿਆ ਕਰਾਂਗੇ ਅਤੇ ਇਹ ਪੱਕਾ ਕਰਾਂਗੇ ਕਿ ਤੁਸੀਂ ਠੀਕ-ਠਾਕ ਹੋ। ਤੁਹਾਨੂੰ ਕੁਝ ਬਲੱਡ ਟੈਸਟ ਕਰਵਾਉਣ ਲਈ ਵੀ ਕਿਹਾ ਜਾਵੇਗਾ। ਇਹ ਮਹੱਤਵਪੂਰਣ ਹੈ ਕਿਉਂਕਿ ਇਸ ਨਾਲ ਸਾਨੂੰ ਜਾਣਕਾਰੀ ਮਿਲਦੀ ਹੈ ਕਿ ਤੁਹਾਡਾ ਸਰੀਰ ਦਵਾਈਆਂ ਨਾਲ ਕਿਵੇਂ ਨਜਿੱਠ ਰਿਹਾ ਹੈ।

ਕਲੀਨਿਕ ਦੀਆਂ ਇਹ ਫ਼ੇਰੀਆਂ ਤੁਹਾਡੇ ਵਾਸਤੇ ਆਪਣੇ ਸਵਾਲ ਪੁੱਛਣ ਦਾ ਇੱਕ ਵਧੀਆ ਸਮਾਂ ਹੁੰਦਾ ਹੈ! ਤੁਸੀਂ ਆਪਣੇ ਸਵਾਲਾਂ ਦੀ ਪੈੜ ਰੱਖਣ ਵਿੱਚ ਮਦਦ ਲਈ ਤੁਸੀਂ ਹੇਠਲੀਆਂ ਲਾਈਨਾਂ ਇਸਤੇਮਾਲ ਕਰ ਸਕਦੇ ਹੋ:

**ਪ੍ਰਸ਼ਨ: ਕਲੀਨਿਕ ਦੀਆਂ ਇਹ ਫ਼ੇਰੀਆਂ ਕਿੰਨੇ ਸਮੇਂ ਦੀਆਂ ਹੁੰਦੀਆਂ ਹਨ?**
**Q: How long are these clinic visits?**

ਕਲੀਨਿਕ ਦੀ ਪਹਿਲੀ ਫ਼ੇਰੀ ਲਈ ਲਗਭਗ 1 ਘੰਟਾ ਲੱਗ ਸਕਦਾ ਹੈ। ਬਾਕੀ ਦੀਆਂ ਫ਼ੇਰੀਆਂ ਲਈ ਘੱਟ ਸਮਾਂ ਲਗਦਾ ਹੈ ਅਤੇ ਜੇ ਸਭ ਕੁਝ ਠੀਕ-ਠਾਕ ਹੋਵੇ ਤਾਂ ਇਨ੍ਹਾਂ ਲਈ 15 ਮਿੰਟ ਲਗਦੇ ਹਨ।

**ਪ੍ਰਸ਼ਨ: ਮੇਰਾ ਟ੍ਰੀਟਮੈਂਟ ਕਦੋਂ ਖ਼ਤਮ ਹੋਵੇਗਾ ਤਾਂ ਕਿ ਮੈਨੂੰ ਕਲੀਨਿਕ ਆਉਣ ਦੀ ਲੋੜ ਨਾ ਪਵੇ?**
**Q: When is my treatment completed so that I no longer have to come to the clinic?**

ਤੁਹਾਡੀ ਨਰਸ ਤੁਹਾਨੂੰ ਦੱਸੇਗੀ ਕਿ ਤੁਹਾਡਾ ਟ੍ਰੀਟਮੈਂਟ ਕਦੋਂ ਖ਼ਤਮ ਹੋਵੇਗਾ। ਆਮ ਤੌਰ ’ਤੇ ਤੁਹਾਨੂੰ ਦਿੱਤੀਆਂ ਗਈਆਂ ਸਾਰੀਆਂ ਦਵਾਈਆਂ ਲੈਣੀਆਂ ਵਧੀਆ ਰਹਿੰਦੀਆਂ ਹਨ, ਭਾਵੇਂ ਇਸ ਵਿੱਚ ਤੁਹਾਨੂੰ ਸ਼ੁਰੂ ਵਿੱਚ ਦੱਸੇ ਗਏ ਸਮੇਂ ਨਾਲ਼ੋਂ ਜ਼ਿਆਦਾ ਵਕਤ ਵੀ ਲੱਗੇ। ਤੁਹਾਡੀਆਂ ਦਵਾਈਆਂ ਖ਼ਤਮ ਹੋਣ ’ਤੇ ਤੁਹਾਨੂੰ ਛਾਤੀ ਦਾ ਐਕਸ-ਰੇਅ ਕਰਵਾਉਣ ਲਈ ਵੀ ਕਿਹਾ ਜਾ ਸਕਦਾ ਹੈ। ਇੱਕ ਵਾਰੀ ਦਵਾਈਆਂ ਖ਼ਤਮ ਹੋ ਜਾਣ ’ਤੇ ਬਹੁਤੇ ਲੋਕਾਂ ਨੂੰ ਕਲੀਨਿਕ ਵਾਪਸ ਆਉਣ ਦੀ ਲੋੜ ਨਹੀਂ ਪੈਂਦੀ।